ਦਫ਼ਤਰ ਜ਼ਿਲ੍ਹਾ ਚੋਣ ਅਫਸਰ, ਬਠਿੰਡਾ

OFFICE DISTRICT ELECTION OFFICER, BATHINDA

(Room No. 303, 2nd Floor Mini Secretariat)

Phone No. 0164-2211022 E-mail :-etbtd@punjab.gov.in


VOTERS

7/6/2023

ਵੱਲ

ਜਿਲ੍ਹਾ ਸਿੱਖਿਆ ਅਫਸਰ (ਸੈਕੰ)
ਬਠਿੰਡਾ

ਪੱਤਰ ਨੰ ਚੋਣ-2023/ 910
ਮਿਤੀ 05/07/23

**ਵਿਸ਼ਾ-** **ਸਕੂਲ ਮੁਖੀਆਂ ਵੱਲੋਂ ਚੋਣ ਸਾਖਰਤਾ ਕਲੱਬਾਂ ਦੇ ਇੰਚਾਰਜਾਂ/ਨੋਡਲ ਅਫਸਰਾਂ ਦੀ ਨਿਯੁਕਤੀ ਯਕੀਨੀ ਬਣਾਉਣ ਬਾਰੇ।**

ਹਵਾਲਾ- ਇਸ ਦਫਤਰ ਦਾ ਪੱਤਰ ਨੰ ਚੋਣ-2022/6230 29 09 2022, ਪੱਤਰ ਨੰ 2022/6667 ਮਿਤੀ 01 12 2022, ਪੱਤਰ ਨੰ ਚੋਣ-2022/6879 ਮਿਤੀ 30.12 2022 ਅਤੇ ਪੱਤਰ ਨੰ ਚੋਣ-2023/278 ਮਿਤੀ 20 02 2023

ਭਾਰਤ ਚੋਣ ਕਮਿਸ਼ਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜਿਲ੍ਹੇ ਦੇ ਸਮੂਹ ਹਾਈ ਅਤੇ ਸੈਕੰਡਰੀ ਸਕੂਲਾਂ ਵਿੱਚ ਚੋਣ ਸਾਖਰਤਾ ਕਲੱਬ ਸਥਾਪਤ ਕੀਤੇ ਗਏ ਹਨ ਅਤੇ ਸਮੂਹ ਸਕੂਲਾਂ ਦੇ ਮੁਖੀਆਂ ਵੱਲੋਂ ਆਪਣੇ ਆਪਣੇ ਸਕੂਲਾਂ ਵਿੱਚ ਇਹਨਾਂ ਕਲੱਬਾਂ ਦੇ ਕਲੱਬ ਇੰਚਾਰਜ/ਨੋਡਲ ਅਫਸਰ ਲਗਾਏ ਗਏ ਹਨ। ਹਵਾਲਾ ਅਧੀਨ ਪੱਤਰਾਂ ਰਾਹੀਂ ਇਸ ਦਫਤਰ ਵੱਲੋਂ ਆਪ ਜੀ ਰਾਹੀਂ ਸਮੂਹ ਸਕੂਲ ਮੁਖੀਆਂ ਨੂੰ ਇਹ ਹਦਾਇਤ ਕੀਤੀ ਜਾਂਦੀ ਰਹੀ ਹੈ ਕਿ ਕਿਸੇ ਵੀ ਨੋਡਲ ਅਫਸਰ ਦੀ ਬਦਲੀ/ਤਬਦੀਲੀ ਜਾਂ ਸੇਵਾ ਨਿਵਰਤੀ ਹੋਣ ਤੇ ਤੁਰੰਤ ਨਵੇਂ ਨੋਡਲ ਅਫਸਰ ਦੀ ਨਿਯੁਕਤੀ ਕਰਕੇ ਸੂਚਨਾ ਇਸ ਦਫਤਰ ਨੂੰ ਤੁਰੰਤ ਭੇਜੀ ਜਾਵੇ। ਪਰੰਤੂ ਕਈ ਸਕੂਲਾਂ ਦੇ ਮੁਖੀਆਂ ਵੱਲੋਂ ਇਹਨਾਂ ਹਦਾਇਤਾਂ ਦੀ ਪਾਲਣਾ ਨਹੀਂ ਕੀਤੀ ਜਾ ਰਹੀ ਹੈ ਜਿਸ ਕਾਰਨ ਇਸ ਦਫਤਰ ਨੂੰ ਚੋਣ ਸਾਖਰਤਾ ਕਲੱਬਾਂ ਸਬੰਧੀ ਸੂਚਨਾ ਮੁਹੱਈਆ/ਪ੍ਰਾਪਤ ਕਰਨ ਵਿੱਚ ਮੁਸ਼ਕਲ ਪੇਸ਼ ਆ ਰਹੀ ਹੈ।

ਇਸ ਪੱਤਰ ਰਾਹੀਂ ਆਪ ਜੀ ਨੂੰ ਮੁੜ ਲਿਖਿਆ ਜਾਂਦਾ ਹੈ ਕਿ ਆਪ ਆਪਣੇ ਅਧੀਨ ਆਉਂਦੇ ਜਿਲ੍ਹੇ ਦੇ ਸਮੂਹ ਹਾਈ ਅਤੇ ਸੈਕੰਡਰੀ ਸਕੂਲਾਂ ਦੇ ਮੁਖੀਆਂ ਨੂੰ ਇਹ ਹਦਾਇਤ ਕੀਤੀ ਜਾਵੇ ਕਿ ਨੋਡਲ ਅਫਸਰ ਦੇ ਬਦਲਣ ਤੇ ਤੁਰੰਤ ਨਵੇਂ ਨੋਡਲ ਅਫਸਰ ਦੀ ਨਿਯੁਕਤੀ ਕਰਕੇ ਸੂਚਨਾ ਨੱਥੀ ਪਰਫਾਰਮੇ ਤੇ ਪੁਰ ਕਰਕੇ ਮਿਤੀ 07 07 2023 ਤੱਕ ਇਸ ਦਫਤਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ। ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ।

ਵਾਸਤੇ ਜਿਲ੍ਹਾ ਚੋਣ ਅਫਸਰ
ਬਠਿੰਡਾ

ਪਿੱਠ ਅੰਕਣ ਨੰ ਚੋਣ-2023/ 911

ਉਪਰੋਕਤ ਦਾ ਉਤਾਰਾ

1 ਸ੍ਰੀ ਇਕਬਾਲ ਸਿੰਘ ਉਪ ਜਿਲ੍ਹਾ ਸਿੱਖਿਆ ਅਫਸਰ (ਸੈਕੰ) ਕਮ ਸਵੀਪ ਕੋਆਰਡੀਨੇਟਰ ਸਕੂਲਜ਼ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਉਪਰੋਕਤ ਸਬੰਧੀ ਸਮੂਹ ਸਕੂਲਾਂ ਦੇ ਚੋਣ ਸਾਖਰਤਾ ਕਲੱਬਾਂ ਵਿੱਚ ਨੋਡਲ ਅਫਸਰਾਂ ਦੀ ਨਿਯੁਕਤੀ ਕਰਵਾ ਕੇ ਸੂਚਨਾ ਇਸ ਦਫਤਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ।

2 ਸ੍ਰੀ ਸੁਰੇਸ਼ ਗੌੜ ਸਹਾਇਕ ਜਿਲ੍ਹਾ ਨੋਡਲ ਅਫਸਰ, ਸਵੀਪ

ਵਾਸਤੇ ਜਿਲ੍ਹਾ ਚੋਣ ਅਫਸਰ
ਬਠਿੰਡਾ

22634 ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਬਠਿੰਡਾ
ਪੱਤਰ ਨੰ: ਸੀ-ਪ/11 (1) 2023/4025 ਮਿਤੀ: 07/07/23
ਉਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ [illegible] ਬਠਿੰਡਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਅਨੁਸਾਰ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

Misc (P.S.)-System 2

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਬਠਿੰਡਾ